# 4

# ਬਾਈਬਲ ਦੀਆਂ ਖ਼ੂਬੀਆਂ

ਬਾਈਬਲ ਦੀਆਂ ਕੁਝ ਖ਼ੂਬੀਆਂ ਐਨੀਆਂ ਜ਼ਬਰਦਸਤ ਹਨ ਕਿ ਉਹ ਇਹਦੇ ਖ਼ੁਦਾਈ ਮੂਲ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਇਨ੍ਹਾਂ ਖ਼ੂਬੀਆਂ ਦਾ ਸੰਖੇਪ ਵਿਚ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਪਰ ਹੋਰ ਡੂੰਘਾਈ ਵਿਚ ਉਨ੍ਹਾਂ ਦਾ ਅਧਿਐਨ ਕਰਨ ਨਾਲ ਕਾਫ਼ੀ ਫ਼ਾਇਦਾ ਹੋਵੇਗਾ।

## ਅਨੇਕਤਾ ਵਿਚ ਇਹਦੀ ਏਕਤਾ

ਬਾਈਬਲ ਦੇ ਹੈਰਾਨ ਕਰਨ ਯੋਗ ਗੁਣਾਂ ਵਿੱਚੋਂ ਇਕ ਅਨੇਕਤਾ ਵਿਚ ਇਹਦੀ ਏਕਤਾ ਹੈ। ਇਸ 'ਤੇ ਵਿਚਾਰ ਕਰੋ: ਲਗਭਗ ਚਾਲ਼ੀ ਲੇਖਕਾਂ ਵੱਲੋਂ ਜਿਨ੍ਹਾਂ ਵਿਚ ਬਹੁਤ ਇਕ ਦੂਜੇ ਨੂੰ ਜਾਣਦੇ ਨਹੀਂ ਸਨ, ਤਿੰਨ ਭਾਸ਼ਾਵਾਂ ਵਿਚ ਪੰਦਰਾਂ ਸੌ ਤੋਂ ਵੱਧ ਸਾਲਾਂ ਦੌਰਾਨ ਲਿਖੇ ਪਵਿੱਤਰ ਬਾਈਬਲ ਦੇ ਛਿਆਹਠ ਹਿੱਸੇ ਹਨ। ਇਹ ਲੋਕ ਵੱਖੋ-ਵੱਖ ਥਾਵਾਂ 'ਤੇ, ਵੱਖ-ਵੱਖ ਹਕੂਮਤਾਂ (ਅੱਸ਼ੂਰ, ਬਾਬੁਲ, ਮਾਦਾ-ਫ਼ਾਰਸ, ਯੂਨਾਨ ਅਤੇ ਰੋਮ ਦੀਆਂ) ਦੌਰਾਨ ਹੋਏ।

ਇਨ੍ਹਾਂ ਵੱਖੋ-ਵੱਖ ਲੋਕਾਂ ਦੇ ਲੇਖਾਂ ਨੂੰ ਇਕੱਠਾ ਕਰਨ 'ਤੇ ਉਨ੍ਹਾ ਦੀ ਏਕਤਾ ਹੈਰਾਨ ਕਰਨ ਵਾਲੀ ਹੈ। ਬਾਈਬਲ ਦੇ ਵਿਸ਼ਿਆਂ, ਤੱਥਾਂ ਅਤੇ ਨਿਯਮਾਂ ਤੋਂ ਪਤਾ ਲਗਦਾ ਹੈ ਕਿ ਕਿਸੇ ਬੜੇ ਹੀ ਸੂਝਵਾਨ ਦਿਮਾਗ਼ ਨੇ ਇਨ੍ਹਾਂ ਲੇਖਾਂ ਨੂੰ ਲਿਖਵਾਇਆ ਹੈ। ਆਓ ਲੇਖਾਂ ਦੇ ਇਸ ਨਿਰਾਲੇ ਸੰਗ੍ਰਹਿ ਵਿਚ ਏਕਤਾ ਦੀ ਮਿਸਾਲ 'ਤੇ ਨਜ਼ਰ ਮਾਰੀਏ।

### ਯਿਸੂ

ਪਵਿੱਤਰ ਲਿਖਤ ਦੀ ਮੁੱਖ ਏਕਤਾ ਯਿਸੂ ਹੈ, ਕਿਉਂਕਿ ਨਬੂਵਤ ਦੀ ਰੂਹ ਯਿਸੂ ਦੀ ਗਵਾਹੀ ਹੈ (ਪ੍ਰਕਾਸ਼ ਦੀ ਪੋਥੀ 19:10)। ਬਾਈਬਲ ਦੀ ਹਰ ਕਿਤਾਬ ਦਾ ਇਸ ਗਲੀਲੀ ਪੁਰਖ ਨਾਲ ਕੁਝ ਨਾ ਕੁਝ ਰਿਸ਼ਤਾ ਹੈ। ਖ਼ੁਦਾ ਨੂੰ ਇਹ ਚੰਗਾ ਲੱਗਾ ਕਿ ਉਹ ਸਭ ਗੱਲਾਂ ਨੂੰ ਆਪਣੇ ਪੁੱਤਰ ਵਿਚ ਇਕੱਠੀਆਂ ਕਰੇ (ਅਫ਼ਸੀਆਂ 1:10)। ਯਿਸੂ ਬਾਰੇ ਕਿਸੇ ਨੇ ਲਿਖਿਆ ਹੈ:

> ਉਤਪਤ ਵਿਚ ਮੈਂ ਉਸ ਨੂੰ ਸ਼ੀਲੋ ਦੀ ਨਬੂਵਤ ਦੇ ਰੂਪ ਵਿਚ ਵੇਖਦਾ ਹਾਂ। ਕੂਚ ਵਿਚ ਪਸਾਹ ਦੇ ਲੇਲੇ ਦੇ ਰੂਪ ਵਿਚ, ਵਿਵਸਥਾਸਾਰ ਵਿਚ ਪਾਪ ਬਲੀ ਦੇ ਲੇਲੇ ਦੇ ਰੂਪ ਵਿਚ। ਜ਼ਬੂਰਾਂ ਵਿਚ ਚਰਵਾਹੇ ਦੇ ਰੂਪ ਵਿਚ। ਸੁਲੇਮਾਨ ਦੇ ਗੀਤ [ਸ੍ਰੇਸ਼ਟ ਗੀਤ] ਵਿਚ, ਸ਼ਾਰੋਨ ਦੀ ਨਰਗਿਸ, ਦੂਣਾਂ ਦੀ ਸੋਸਨ ਅਤੇ ਦਸ ਹਜ਼ਾਰਾਂ 'ਚੋਂ ਉੱਤਮ ਦੇ ਰੂਪ ਵਿਚ। ਅੱਯੂਬ ਵਿਚ ਸੁਣਵਾਈ ਦਾ ਦਿਨ ਤੈਅ ਕਰਨ ਵਾਲੇ ਵਿਅਕਤੀ ਦੇ ਰੂਪ

'ਚ। ਯਸਾਯਾਹ ਵਿਚ, ਦੁਖੀ ਦਾਸ ਦੇ ਰੂਪ 'ਚ। ਦਾਈਏਲ ਵਿਚ ਧਰਮੀ ਪੁਰਖ ਦੇ ਰੂਪ 'ਚ। ਯਿਰਮਿਯਾਹ ਵਿਚ, ਸ਼ਾਖ ਦੇ ਰੂਪ 'ਚ। ਮੱਤੀ 'ਚ, ਮਸੀਹ ਦੇ ਰੂਪ ਵਿਚ। ਮਰਕੁਸ ਵਿਚ, ਅਚੰਭੇ ਕੰਮ ਕਰਨ ਵਾਲੇ ਦੇ ਰੂਪ ਵਿਚ। ਲੂਕਾ ਵਿਚ, ਖ੍ਰਿਸਟੁਸ ਦੇ ਰੂਪ ਵਿਚ। ਯੂਹੰਨਾ ਵਿਚ, ਸ਼ਬਦ ਦੇ ਰੂਪ 'ਚ। ਰਸੂਲਾਂ ਦੇ ਕੰਮ ਵਿਚ, ਜ਼ਿੰਦਗੀ ਦੇਣ ਵਾਲੇ ਦੇ ਰੂਪ 'ਚ। ਰੋਮੀਆਂ ਵਿਚ, ਛੁਟਕਾਰਾ ਦੁਆਉਣ ਵਾਲੇ ਦੇ ਰੂਪ 'ਚ। 1 ਕੁਰਿੰਥੀਆਂ ਵਿਚ, ਖ਼ੁਦਾ ਦੀ ਬੁੱਧ ਦੇ ਰੂਪ 'ਚ। ਕੁਲੁੱਸੀਆਂ ਵਿਚ, ਪੂਰੀ ਸ੍ਰਿਸ਼ਟੀ ਦੇ ਪਲੌਠੇ ਦੇ ਰੂਪ ਵਿਚ। ਪਤਰਸ ਦੀ ਪਹਿਲੀ ਪੱਤਰੀ ਵਿਚ, ਪ੍ਰਧਾਨ ਅੱਯਾਲੀ ਦੇ ਰੂਪ 'ਚ। ਪ੍ਰਕਾਸ਼ ਦੀ ਪੋਥੀ ਵਿਚ, ਅਲਫ਼ਾ ਅਤੇ ਓਮੇਗਾ ਦੇ ਰੂਪ 'ਚ।[1]

**ਪ੍ਰਗਤੀਸ਼ੀਲ ਧਰਮ**

ਬਾਈਬਲ ਦੀ ਏਕਤਾ ਦੀ ਇਕ ਹੋਰ ਮਿਸਾਲ ਇਹਦੇ ਉਸ ਵਿਕਾਸ ਵਿਚ ਮਿਲਦਾ ਹੈ ਜੋ ਮਨੁੱਖ ਨਾਲ ਪ੍ਰਮੇਸ਼ਵਰ ਦੇ ਵਿਹਾਰ ਵਿਚ ਪ੍ਰਗਤੀਸ਼ੀਲ ਧਰਮਾਂ ਨੂੰ ਪੇਸ਼ ਕਰਦਾ ਹੈਃ ਪਹਿਲਾਂ ਧਰਮਤੰਤਰ, ਫਿਰ ਯਹੂਦੀ ਧਰਮ ਅਤੇ ਅਖ਼ੀਰ 'ਚ ਮਸੀਹੀ ਧਰਮ। ਇਨ੍ਹਾਂ ਤਿੰਨਾਂ ਕਾਲਾਂ ਵਿਚ ਖ਼ਾਨਦਾਨੀ ਧਰਮ, ਕੌਮੀ ਧਰਮ ਅਤੇ ਅੰਤਰਰਾਸ਼ਟਰੀ ਧਰਮ ਆਉਂਦੇ ਹਨ। ਪ੍ਰਗਟ ਧਰਮ ਦੇ ਸੰਪੂਰਣ ਕਾਰਜਖੇਤਰ ਦੀ ਸਪੱਸ਼ਟ ਅਤੇ ਸਾਂਝੀ ਤਸਵੀਰ ਵੇਖਦਿਆਂ ਪੁਰਾਣੇ ਅਤੇ ਨਵੇਂ ਨੇਮ ਵਿਚ ਇਨ੍ਹਾਂ ਧਾਰਮਿਕ ਪ੍ਰਬੰਧਾਂ ਦੇ ਤਰਕ-ਸੰਗਤ ਜਾਂ ਸਿਖਰੀ ਵਿਕਾਸ ਨੂੰ ਲਿਖਿਆ ਗਿਆ ਹੈ।

**ਰੂਪ ਅਤੇ ਪ੍ਰਤੀਰੂਪ**

ਪਵਿੱਤਰ ਲੇਖਾਂ ਵਿਚ ਇਕ ਹੈਰਾਨ ਕਰ ਦੇਣ ਵਾਲੀ ਮਿਸਾਲ ਰੂਪਾਂ ਅਤੇ ਪ੍ਰਤੀਰੂਪਾਂ 'ਚ ਮਿਲਦੀ ਹੈ। ਪੁਰਾਣੇ ਨੇਮ ਦੀਆਂ ਘਟਨਾਵਾਂ ਨਵੇਂ ਨੇਮ ਵਿਚ ਲਾਗੂ ਹੁੰਦੀਆਂ ਹਨ। ਸੁਫ਼ਨੇ 'ਚ ਮਿਲਣ ਵਾਲੀ ਪੌੜੀ ਦਾ ਪ੍ਰਤੀਰੂਪ ਯਿਸੂ ਵਿਚ ਸੀ। ਮੂਸਾ ਵੱਲੋਂ ਬਣਾਇਆ ਗਿਆ ਫੇਰਵਾਂ ਢਾਂਚਾ ਉਸ ਰੂਹਾਨੀ ਡੇਰੇ ਵੱਲ ਇਸ਼ਾਰਾ ਕਰਦਾ ਸੀ ਜਿਸ ਨੂੰ ਮਨੁੱਖੀ ਹੱਥਾਂ ਨੇ ਨਹੀਂ ਬਣਾਇਆ ਸੀ। ਸਵਰਗੋਂ ਉੱਤਰੀਆਂ ਖਾਣ ਦੀਆਂ ਛੋਟੀਆਂ-ਛੋਟੀਆਂ ਵਸਤਾਂ ਜਿਨ੍ਹਾਂ ਨੂੰ ਮੰਨਾ ਆਖਦੇ ਸਨ, ਯਿਸੂ ਦੀ ਨੁਮਾਇੰਦਗੀ ਕਰਦੀਆਂ ਸਨ। ਲਾਲ ਸਮੁੰਦਰ ਵਿੱਚੋਂ ਮੋਅਜਜ਼ੇ ਭਰੇ ਢੰਗ ਨਾਲ ਪਾਰ ਨਿੱਕਲਣਾ ਨਵੇਂ ਨੇਮ ਦੇ ਬਪਤਿਸਮੇ ਦਾ ਇਕ ਰੂਪ ਸੀ (ਵੇਖੋ 1 ਕੁਰਿੰਥੀਆਂ 10:2)। ਇਕ ਪਤਨੀ, ਉਹਦੀ ਦਾਸੀ ਅਤੇ ਉਹਦੇ ਦੋ ਪੁੱਤਰ ਦੋ ਧਰਮਾਂ ਦੀ ਵਿਆਖਿਆ ਲਈ ਰੂਪ ਕਥਾ ਬਣ ਗਏ ਹਨ (ਗਲਾਤੀਆਂ 4:22-26)। ਇਕ ਯਾਜਕ ਜੋ ਰਾਜਾ ਸੀ, ਯਾਜਕ ਅਤੇ ਰਾਜੇ ਦੀ ਭੂਮਿਕਾ ਲਈ ਮਸੀਹ ਦਾ ਪਰਛਾਵਾਂ ਸੀ। ਰੂਪ ਅਤੇ ਪ੍ਰਤੀਰੂਪ, ਪਰਛਾਵੇਂ ਅਤੇ ਹਕੀਕਤ ਦੀ ਏਕਤਾ ਵਿਚ ਐਨੀ ਨੇੜਤਾ ਹੈ ਕਿ ਪੁਰਾਣੇ ਨੇਮ ਨੂੰ ''ਲੁਕਿਆ ਹੋਇਆ ਨਵਾਂ ਨੇਮ'' ਕਿਹਾ ਜਾਂਦਾ ਹੈ ਜਦਕਿ ਨਵੇਂ ਨੇਮ ਨੂੰ ''ਪ੍ਰਗਟ ਹੋਇਆ ਪੁਰਾਣਾ ਨੇਮ'' ਮੰਨਿਆ ਜਾਂਦਾ ਹੈ।

**ਪੂਰੀਆਂ ਹੋਈਆਂ ਕਹਾਣੀਆਂ**

ਬਾਈਬਲ ਦੇ ਇਕ ਹਿੱਸੇ ਵਿਚ ਸ਼ੁਰੂ ਹੋਏ ਬ੍ਰਿਤਾਂਤ ਜੋ ਕੁਝ ਦੇਰ ਲਈ ਅਧੂਰੇ ਰਹੇ, ਆਖ਼ਰੀ ਕਿਤਾਬ ਵਿਚ ਮੁਕੰਮਲ ਹੋ ਜਾਂਦੇ ਹਨ। ਖ਼ੁਦਾ ਦੀ ਇਸ ਕਿਤਾਬ ਦੇ ਸ਼ੁਰੂ 'ਚ, ਜੀਵਨ ਦੇ ਰੁੱਖ ਦੀ ਕਹਾਣੀ ਨੂੰ ਪ੍ਰਕਾਸ਼ ਦੀ ਪੋਥੀ ਵਿਚ ਯੂਹੰਨਾ ਪੂਰੀ ਕਰਦਾ ਹੈ। ਪਹਿਲੀਆਂ ਨਾਲ ਸ਼ੁਰੂ ਹੋਈ ਤਕਲੀਫ਼ ਅਤੇ ਹੰਝੂਆਂ ਦੀ ਕਹਾਣੀ ਹਰ ਹੰਝੂ ਦੇ ਪੂੰਝੇ ਜਾਣ ਨਾਲ ਸਿਖਰ 'ਤੇ ਪੁੱਜਦੀ ਹੈ।

ਪਹਿਲੇ ਪਾਪ ਨਾਲ ਸ਼ੁਰੂ ਹੋਈ ਸਰਾਪਾਂ ਦੀ ਕਹਾਣੀ ਖ਼ੁਦਾਈ ਭਰੋਸੇ ਨਾਲ ਪੂਰੀ ਹੁੰਦੀ ਹੈ ਕਿ ''ਫਿਰ ਸਰਾਪ ਨਹੀਂ ਹੋਵੇਗਾ'' (ਪ੍ਰਕਾਸ਼ ਦੀ ਪੋਥੀ 22:3)। ਆਦਮ ਅਤੇ ਹੱਵਾ ਦੇ ਅਦਨ 'ਚੋਂ ਥੋੜ੍ਹੀ ਦੇਰ ਬਾਅਦ ਕੁਰਬਾਨੀਆਂ ਦਾ ਇਤਿਹਾਸ ਪ੍ਰਕਾਸ਼ ਦੀ ਪੋਥੀ ਵਿਚ, ਵਿੰਨ੍ਹੇ ਗਏ ਲੇਲੇ ਦੇ ਰੂਪ ਵਿਚ ਵਿਖਾਈ ਦੇਣ ਵਾਲੇ ਯਹੂਦਾ ਦੇ ਸ਼ੇਰ ਦੀ ਕਹਾਣੀ ਵਿਚ ਰੋਮਾਂਚ ਤਕ ਲਿਆਇਆ ਜਾਂਦਾ ਹੈ (ਪ੍ਰਕਾਸ਼ ਦੀ ਪੋਥੀ 5:6)।

**ਤੁਲਨਾਵਾਂ**

ਵੱਖੋ-ਵੱਖ ਲੇਖਕਾਂ ਅਤੇ ਹਾਲਾਤ ਦੇ ਬਾਵਜੂਦ ਜਿਸ ਏਕਤਾ ਦੀ ਗੱਲ ਕੀਤੀ ਗਈ ਹੈ, ਉਹ ਤੁਲਨਾਤਮਕ ਪੱਖੋਂ ਹੋਰ ਵੀ ਧਿਆਨ ਦੇਣ ਯੋਗ ਬਣ ਜਾਂਦੀ ਹੈ। ਪੰਦਰਾਂ ਸੌ ਸਾਲਾਂ ਦੌਰਾਨ ਲਿਖੀਆਂ ਗਈਆਂ ਤਿੰਨ ਭਾਸ਼ਾਵਾਂ ਦੇ ਕਈ ਲੇਖਕਾਂ ਦੀਆਂ ਕਿਤਾਬਾਂ ਦੀ ਚੋਣ ਕਰਨ ਵਾਲਿਆਂ ਨੂੰ ਉਸ ਵਿਚ ਕੁਝ ਆਪਸੀ ਸਬੰਧ ਮਿਲਣ'ਤੇ ਹੈਰਾਨੀ ਹੁੰਦੀ ਹੈ। ਪੁਰਾਤਨ ਯੂਨਾਨੀ ਲੇਖਾਂ ਦੀ ਇਕ ਕਿਤਾਬ ਬਣਾਉਣ 'ਤੇ ਵੀ, ਉਨ੍ਹਾਂ ਵਿਚ ਇਹੀ ਭਾਸ਼ਾਈ ਏਕਤਾ ਹੀ ਮਿਲੇਗੀ ਕਿ ਉਨ੍ਹਾਂ ਨੂੰ ਯੂਨਾਨੀ ਭਾਸ਼ਾ ਵਿਚ ਲਿਖਿਆ ਗਿਆ ਹੈ।

ਬਾਈਬਲ ਦੀ ਤੁਲਨਾ ਹੋਰ ਧਾਰਮਿਕ ਕਿਤਾਬਾਂ ਨਾਲ ਕਰਨ ਤੇ ਸਿਰਫ਼ ਇਹੀ ਸਾਫ਼ ਹੁੰਦਾ ਹੈ ਕਿ ਐਨੀ ਅਨੇਕਤਾ ਵਿਚ ਅਜਿਹੀ ਏਕਤਾ ਹੈਰਾਨ ਕਰ ਦੇਣ ਵਾਲੀ ਹੈ। ਹੋਰ ਧਾਰਮਿਕ ਕਿਤਾਬਾਂ ਵਿਚ ਬਾਈਬਲ ਦੇ ਮੁਕਾਬਲੇ ਬੜੀ ਘੱਟ ਏਕਤਾ ਪਾਈ ਜਾਂਦੀ ਹੈ। ਮੁਹੰਮਦਨ, ਜ਼ੋਰਾਸ਼ਟਰਨ ਅਤੇ ਬੋਧੀ ਅਖੌਤੀ ਪਵਿੱਤਰ ਪੁਸਤਕਾਂ ਵਿਚ ''ਕੋਈ ਏਕਤਾ ਨਹੀਂ ਹੈ। ਉਹ ਵੱਖ-ਵੱਖ ਵਸੀਲਿਆਂ ਤੋਂ ਇਕੱਠੀ ਕੀਤੀ ਗਈ ਸਮੱਗਰੀ ਹੈ, ਜਿਨ੍ਹਾਂ ਵਿਚ ਨਾ ਤਰਤੀਬ ਹੈ ਨਾ ਵਿਕਾਸ ਜਾਂ ਕੋਈ ਯੋਜਨਾ।''[2]

ਬਿਨਾ ਕਿਸੇ ਮਾਸਟਰ ਪਲੈਨ ਦੇ ਚਾਲ਼ੀ ਮੂਰਤੀਕਾਰਾਂ ਵੱਲੋਂ (ਜਿਨ੍ਹਾਂ ਵਿਚ ਬਹੁਤੇ ਇਕ ਦੂਜੇ ਨੂੰ ਜਾਣਦੇ ਹੀ ਨਹੀਂ ਸਨ) ਕਿਸੇ ਮੂਰਤੀ ਦੇ ਅੰਗਾਂ ਨੂੰ ਤਰਾਸ਼ ਕੇ ਖ਼ੂਬਸੂਰਤ ਜਿਹੀ ਮੂਰਤੀ ਬਣਾਉਣਾ ਅਸੰਭਵ ਹੋਵੇਗਾ। ਇਸੇ ਤਰ੍ਹਾਂ, ਸਭ ਤੇ ਇੱਕੋ ਤਾਲਮੇਲ ਕਰਾਉਣ ਵਾਲੇ ਦੇ ਬਗ਼ੈਰ ਚਾਲੀ ਕਲਾਕਾਰ ਅਜਿਹੀ ਸ਼ਾਨਦਾਰ ਤਸਵੀਰ ਨਹੀਂ ਬਣਾ ਸਕਦੇ ਸਨ। ਇਕ ਬੰਦੇ ਦੀ ਨਿਗਰਾਨੀ ਵਿਚ ਬਣੀ ਬੁਝਾਰਤ ਦੇ ਹਿੱਸੇ ਸਹੀ ਨਹੀਂ ਜੁੜਦੇ। ਸੁਲੇਮਾਨ ਦੇ ਸਮੇਂ ਵਿਚ ਬਗ਼ੈਰ ਹਥੌੜੀ ਜਾਂ ਕੁਹਾੜੀ ਜਾਂ ਲੋਹੇ ਦੇ ਸੰਦ ਦੀ ਕਿਸੇ ਅਵਾਜ਼ ਦੇ ਸ਼ਾਨਦਾਰ ਹੈਕਲ ਵਿਚ ਲੱਗੇ ਪੱਥਰ ਪਹਿਲਾਂ ਯੋਜਨਾ ਬਣਾਏ ਬਗ਼ੈਰ ਨਹੀਂ ਹੋ ਸਕਦੇ ਸਨ (1 ਰਾਜਿਆਂ 6:7)। ਤਾਲਮੇਲ ਦੀ ਬੇਹਤਰੀਨ ਮਿਸਾਲ ਜਿਸ ਨੂੰ ਬਾਈਬਲ ਆਖਦੇ ਹਨ, ਦੀਆਂ ਇਹ ਤੁਲਨਾਵਾਂ ਇਹਦੇ ਲਿਖੇ ਜਾਣ ਬਾਰੇ ਕਿਸੇ ਨਿਰੀਖਕ ਦੇ ਹੋਣ ਤੇ ਜ਼ੋਰ ਦਿੰਦੀਆਂ ਹਨ। ਵੱਖੋ-ਵੱਖ ਕਲਾਕਾਰਾਂ ਵੱਲੋਂ ਰੱਖਿਆ ਸੰਗੀਤ ਦਾ ਕੋਈ ਪ੍ਰੋਗਰਾਮ ਬਗ਼ੈਰ ਯੋਜਨਾ ਜਾਂ ਕਿਸੇ ਦੀ ਦੇਖ-ਰੇਖ ਨਹੀਂ ਹੋ ਸਕਦਾ ਅਤੇ ਬਾਈਬਲ ਇਕ ਤਾਲ ਹੋਣਾ ਵੀ ਇਸੇ ਨਿਯਮ ਦੇ ਅਧੀਨ ਹੈ।

## ਇਹਦੀ ਸਹਿਜਤਾ ਅਤੇ ਗਹਿਰਾਈ

ਬਾਈਬਲ ਦੇ ਇਲਾਹੀ ਹੋਣ ਦੀ ਦੂਜੀ ਖ਼ੂਬੀ ਇਹਦੀ ਅਜਬ ਸਹਿਜਤਾ ਨਾਲ ਜੁੜੇ ਹੋਏ ਡੂੰਘੇ ਅਰਥ ਹਨ। ਬਾਈਬਲ ਵਿਚ ਦੱਸੀਆਂ ਯੂਸਫ਼, ਦਾਨੀਏਲ ਅਤੇ ਯਿਸੂ ਦੀਆਂ ਕਹਾਣੀਆਂ ਬੜੀਆਂ ਹੀ ਸਪੱਸ਼ਟ ਹਨ। ਬਾਰ-ਬਾਰ ਪੜ੍ਹਨ 'ਤੇ ਉਹ ਨੌਜਵਾਨਾਂ ਦੇ ਨਾਲ-ਨਾਲ ਬਜ਼ੁਰਗਾਂ ਦਾ

ਧਿਆਨ ਵੀ ਖਿੱਚਦੀਆਂ ਹਨ। ਨਾਲ ਹੀ ਬਾਈਬਲ ਦੀਆਂ ਗੱਲਾਂ ਮਨੁੱਖਾਂ ਦੀਆਂ ਕਈ ਬਹਿਸਾਂ ਵਿਚ ਬਾਰ-ਬਾਰ ਦੁਹਰਾਈਆਂ ਜਾਂਦੀਆਂ ਹਨ। ਬਚਾਏ ਜਾਣ ਦੀ ਯੋਜਨਾ ਐਨੀ ਅਸਾਨ ਹੈ ਕਿ ਸਮਝ ਨਾ ਆਉਣ ਵਾਲੀ ਕੋਈ ਗੱਲ ਹੀ ਨਹੀਂ ਹੈ (ਯਸਾਯਾਹ 35:8; ਅਫ਼ਸੀਆਂ 5:17); ਫਿਰ ਵੀ ਭਵਿੱਖ ਦੀਆਂ ਗੱਲਾਂ ਬਾਰੇ ਯੂਹੰਨਾ ਦੇ ਦਰਸ਼ਣਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਹੈ (ਰੋਮੀਆਂ 11:33)। ਯਹੂਦੀ/ਗ਼ੈਰਕੌਮਾਂ ਦੇ ਰਵਾਇਤੀ ਅਸਰ ਦੀ, ਜਿਸ ਨੂੰ ਜੈਤੂਨ ਦੇ ਰੁੱਖ ਵਿਚ ਨਾਲੀ ਦੇ ਰੂਪ ਵਿਚ ਵਿਖਾਇਆ ਗਿਆ ਹੈ, ਵਿਦਵਾਨ ਬਾਰ-ਬਾਰ ਉਸ ਤੇ ਖੋਜ ਕਰਦੇ ਹਨ (ਰੋਮੀਆਂ 11:16-24)।

ਇਹ ਇਕ ਬੇਤਰਤੀਬ ਕਿਤਾਬ ਹੈ ਜਿਸ ਦੇ ਨਿਯਮ ਕੋਡ ਵਾਲੇ ਵਿਧਾਨ ਦੇ ਰੂਪ 'ਚ ਨਹੀਂ ਦਿੱਤੇ ਗਏ; ਫਿਰ ਵੀ ਭਲਾਈ, ਨੇਕੀ, ਧਾਰਮਿਕਤਾ ਅਤੇ ਦਿਆਲਤਾ ਲਈ ਮਨਾਂ ਤੇ ਇਹਦੇ ਅਸਰ ਪੈਣ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਫ਼ਰਜ਼ਾਂ ਦਾ ਹੁਕਮ ਹੋਣ ਦੇ ਬਾਵਜੂਦ ਇਹਦਾ ਫ਼ੋਕਸ ਖ਼ੁਦਾ ਅਤੇ ਮਨੁੱਖ ਪ੍ਰਤੀ ਪ੍ਰੇਮ ਦਾ ਮਹਾਨ ਸਿਧਾਂਤ ਹੀ ਹੈ। ਇਹ ਤੱਥ ਕਿ ਬੱਚੇ ਹੋਣ ਜਾਂ ਬੁੱਢੇ ਸਭ ਇਸ ਕਿਤਾਬ ਦੀ ਤਾਰੀਫ਼ ਕਰ ਸਕਦੇ ਹਨ, ਸੰਕੇਤ ਮਿਲਦਾ ਹੈ ਇਕ ਇਹ ਮਨੁੱਖੀ ਮੂਲ ਦੀ ਕਿਤਾਬ ਹੀ ਨਹੀਂ ਹੈ।

## ਇਹਦੀ ਨਿਰਪੱਖਤਾ

ਬਾਈਬਲ ਦੇ ਖ਼ੁਦਾ ਵੱਲੋਂ ਹੋਣ ਦਾ ਤੀਜਾ ਸਬੂਤ ਇਹਦੇ ਮੁੱਖ ਪਾਤਰਾਂ ਦਾ ਨਿਰਪੱਖ ਚਿਤਰਣ ਹੈ। ਜੀਵਨੀ ਲੇਖਕ ਆਮ ਤੌਰ ਤੇ ਜਾਂ ਤਾਂ ਆਪਣੇ ਨਾਇਕਾਂ ਦੀਆਂ ਗਲਤੀਆਂ ਲੁਕਾ ਕੇ ਉਨ੍ਹਾਂ ਦੀ ਤਾਰੀਫ਼ ਕਰਦੇ ਹਨ, ਜਾਂ ਉਹ ਪਾਤਰ ਦੀਆਂ ਕਮੀਆਂ ਨੂੰ ਕੁਝ ਵਧਾਅ-ਚੜ੍ਹਾ ਕੇ ਵਿਖਾ ਕੇ ਆਪਣੇ ਵਿਸ਼ਿਆਂ ਨੂੰ ਅਲੋਚਨਾਤਮਕ ਬਣਾ ਕੇ ਪੇਸ਼ ਕਰਦੇ ਹਨ। ਪਰ ਬਾਈਬਲ ਵਿਚ ਤਾਰੀਫ਼ ਜਾਂ ਨਿੰਦਿਆ ਵਾਲੀ ਕੋਈ ਗੱਲ ਨਹੀਂ ਹੈ। ਕਿਸੇ ਪਾਤਰ ਦੇ ਸਹੀ ਜਾਂ ਗ਼ਲਤ ਹੋਣ ਨੂੰ ਪਾਠਕ ਹੀ ਤੈਅ ਕਰਦੇ ਹਨ।

ਬਾਈਬਲ ਨੂਹ ਦੇ ਸ਼ਲਾਘਾ ਯੋਗ ਗੁਣਾਂ ਨੂੰ ਵਿਖਾਉਂਦੀ ਹੈ ਅਤੇ ਫਿਰ ਉਹਦੇ ਸ਼ਰਾਬੀ ਹੋਣ ਦਾ ਜ਼ਿਕਰ ਕਰਦੀ ਹੈ। ਆਦਰਸ਼ ਪੱਤਰ ਪ੍ਰੇਰਕਾਂ (ਨਾਮਾਨਿਗਾਰਾਂ) ਵਾਂਗ ਦਾਊਦ ਦੇ ਗੁਣਾਂ ਅਤੇ ਦੋਸ਼ਾਂ ਨੂੰ ਸਪੱਸ਼ਟ ਲਿਖਿਆ ਹੈ। ਪਵਿੱਤਰ ਲਿਖਤ ਅਬਰਾਹਾਮ ਦੇ ਡੂੰਘੇ ਵਿਸ਼ਵਾਸ ਨੂੰ ਵਿਖਾਉਂਦੀ ਹੈ ਪਰ ਇਹ ਫ਼ਿਰੌਨ ਨਾਲ ਉਹਦੇ ਝੂਠ ਬੋਲਣ 'ਤੇ ਵੀ ਪੜਦਾ ਨਹੀਂ ਪਾਉਂਦੀ। ਇੰਜੀਲ ਦੇ ਲੇਖਕਾਂ ਦੇ ਮਨ ਵਿਚ ਪਤਰਸ ਲਈ ਬੜੀ ਇੱਜਤ ਹੋਵਗੀ, ਪਰ ਉਨ੍ਹਾਂ ਨੇ ਮਸੀਹ ਲਈ ਉਹਦੇ ਸਮਰਪਣ ਅਤੇ ਉਹਦੇ ਇਨਕਾਰ ਨੂੰ ਬਿਲਕੁਲ ਓਸੇ ਤਰ੍ਹਾਂ ਦੱਸਿਆ ਹੈ। ਯਾਕੂਬ ਅਤੇ ਯੂਹੰਨਾ ਦੀ ਨਿੱਜੀ ਇੱਛਾ ਓਨੀ ਹੀ ਸਪੱਸ਼ਟ ਰੂਪ ਵਿਚ ਲਿਖੀ ਗਈ ਹੈ ਜਿੰਨੀ ਮਸੀਹ ਲਈ ਉਨ੍ਹਾਂ ਦੀ ਵਫ਼ਾਦਾਰੀ।

ਬਾਈਬਲ ਦੇ ਲੇਖਕ ਚਾਹੁੰਦੇ ਤਾਂ ਪੱਖਪਾਤ ਕਰ ਸਕਦੇ ਸਨ ਪਰ ਇਹ ਵਿਖਾਉਂਦਿਆਂ ਕਿ ਉਹ ਪੱਖਪਾਤੀ ਲੋਕ ਨਹੀਂ ਸਨ, ਉਨ੍ਹਾਂ ਕਿਸੇ ਨਾਲ ਪੱਖਪਾਤ ਨਹੀਂ ਕੀਤਾ। ਉਨ੍ਹਾਂ ਦਾ ਨਿਰਵੈਰ ਹੋਣਾ ਉਨ੍ਹਾਂ ਨੂੰ ਦੂਜੇ ਜੀਵਨੀ ਲੇਖਕਾਂ ਦੇ ਦਾਇਰੇ 'ਚੋਂ ਬਾਹਰ ਲਿਆ ਕੇ ਖ਼ੁਦਾਈ ਰਹਿਨੁਮਾਈ ਵਿਚ ਲਿਖਣ ਵਾਲੇ ਹੋਣ ਦਾ ਸੰਕੇਤ ਹੈ।

## ਇਹਦੀ ਸੰਖੇਪਤਾ

ਖ਼ੁਦਾ ਦੀ ਕਿਤਾਬ ਹੋਣ ਦੀ ਬਾਈਬਲ ਦੀ ਇਕ ਹੋਰ ਖ਼ੂਬੀ ਇਹਦਾ ਸੰਖੇਪ ਪਰ ਸਪੱਸ਼ਟ ਹੋਣਾ ਹੈ। ਇਨਸਾਨੀ ਦਿਮਾਗ਼ ਤੋਂ ਲਿਖਣ ਵਾਲੇ ਲੋਕ ਆਪਣੇ ਲੇਖਾਂ ਨੂੰ ਸੰਖੇਪ ਕਰਨ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਲਿਖਣ ਦੀ ਇਸ ਸ਼ੈਲੀ ਵਿਚ ਪਵਿੱਤਰ ਲਿਖਤ ਲਿਖਣ ਵਾਲਿਆਂ ਨੇ ਕਾਫ਼ੀ ਸਨਮਾਨ ਪਾਇਆ ਹੈ। ਸੰਸਾਰ ਦੇ ਰਚੇ ਜਾਣ ਨੂੰ ਸਿਰਫ਼ ਤੀਹ ਆਇਤਾਂ ਵਿਚ ਬੜੇ ਹੀ ਸੁਚੱਜੇ ਢੰਗ ਨਾਲ ਵਿਖਾਇਆ ਗਿਆ ਹੈ ਜੋ ਐਨੇ ਥੋੜ੍ਹੇ ਹਨ ਕਿ ਕਿਸੇ ਔਸਤ ਅਖ਼ਬਾਰ ਵਿਚ ਗੇਂਦ ਦੀ ਖੇਡ ਨੂੰ ਦੱਸਣ ਲਈ ਵੀ ਇਸ ਤੋਂ ਬਹੁਤੇ ਸ਼ਬਦਾਂ ਦੀ ਲੋੜ ਹੁੰਦੀ ਹਨ। ਨਿਰ੍ਹੇ ਉਤਪਤ ਦੀ ਕਿਤਾਬ 'ਚ ਹੀ ਸਿਰਫ਼ ਪੰਜਾਹ ਅਧਿਆਇਆਂ ਵਿਚ ਮਨੁੱਖ ਦੇ ਇਤਿਹਾਸ ਦੇ ਘੱਟੋ-ਘੱਟ ਪੰਝੀ ਸੌ ਸਾਲਾਂ ਦਾ ਵੇਰਵਾ ਹੈ।

ਯਿਸੂ ਦੇ ਬਪਤਿਸਮੇ ਲਈ ਪੰਜ ਆਇਤਾਂ ਕਾਫ਼ੀ ਹਨ ਅਤੇ ਸਮੁੰਦਰ ਨੂੰ ਸ਼ਾਂਤ ਕਰਨ ਲਈ ਵੀ ਸਿਰਫ਼ ਪੰਜ ਹੀ। ਯਿਸੂ ਦੇ ਰੂਪ ਬਦਲਣ ਨੂੰ ਅੱਠ ਆਇਤਾਂ ਵਿਚ ਬਿਆਨਿਆ ਗਿਆ ਹੈ ਜਦ ਕਿ ਯਿਸੂ ਦੀ ਮੌਤ ਦਾ ਵੇਰਵਾ ਦੋ ਅਧਿਆਇਆਂ ਵਿਚ ਹੀ ਦਿੱਤਾ ਗਿਆ। ਬਾਰਾਂ ਸੌ ਦਿਨਾਂ ਦੀ ਯਿਸੂ ਦੀ ਸੇਵਕਾਈ ਨੂੰ ਚੌਂਤੀ ਦਿਨਾਂ ਦੀਆਂ ਘਟਨਾਵਾਂ ਵਿਚ ਸੰਖੇਪ ਕਰ ਦਿੱਤਾ ਗਿਆ ਹੈ। ਇਸਤੀਫ਼ਾਨ ਨੇ, ਇਕ ਅਧਿਆਇ ਵਾਲੇ ਸਰਮਨ ਵਿਚ ਤਕਰੀਬਨ ਦੋ ਹਜ਼ਾਰ ਸਾਲਾਂ ਦਾ ਇਤਿਹਾਸ ਬਿਆਨ ਕਰ ਦਿੱਤਾ। ਪਹਿਲੇ ਰਸੂਲ ਦੀ ਮੌਤ ਸਿਰਫ਼ ਗਿਆਰਾਂ ਸ਼ਬਦਾਂ ਵਿਚ ਹੈ (ਰਸੂਲਾਂ ਦੇ ਕੰਮ 12:2)।

ਅਜਿਹੀਆਂ ਘਟਨਾਵਾਂ ਲਈ ਆਮ ਤੌਰ 'ਤੇ ਮਨੁੱਖ ਬਹੁਤ ਸਾਰਾ ਵੇਰਵਾ ਅਤੇ ਵੱਧ ਤੋਂ ਵੱਧ ਸ਼ਬਦ ਜੋੜਨਾ ਚਾਹੁੰਦਾ ਹੈ। ਇਹੋ ਜਿਹੀਆਂ ਅਹਿਮ ਘਟਨਾਵਾਂ ਨੂੰ ਬਿਆਨ ਕਰਨ ਵਿਚ ਸੰਖੇਪ ਅਤੇ ਠੋਸ ਹੋਣਾ ਬੜਾ ਹੀ ਔਖਾ ਕੰਮ ਹੁੰਦਾ ਹੈ। ਬਾਈਬਲ ਦੀ ਆਇਤ ਨੂੰ ਅਰਥ ਬਦਲੇ ਬਗ਼ੈਰ ਕੁਝ ਸ਼ਬਦਾਂ ਵਿਚ ਲਿਖਣ ਦੀ ਚੁਣੌਤੀ ਮੰਨੀ ਨਹੀਂ ਗਈ। ਸਮੱਗਰੀ ਨੂੰ ਬਦਲੇ ਬਗ਼ੈਰ ਸੰਖੇਪ ਕਰਨ ਦੀ ਬਾਈਬਲ ਦੇ ਲੇਖਕਾਂ ਦੀ ਕਾਮਯਾਬੀ ਸੰਕੇਤ ਹੈ ਕਿ ਉਨ੍ਹਾਂ ਨੂੰ ਮਨੁੱਖ ਤੋਂ ਵੱਡੀ ਸ਼ਕਤੀ ਦੀ ਮਦਦ ਸੀ।

## ਇਹਦਾ ਸੰਜਮ

ਬਾਈਬਲ ਦੇ ਲੇਖਕਾਂ ਦੇ ਸੰਜਮ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਬਾਈਬਲ ਖ਼ਾਸ ਮਕਸਦ ਨਾਲ ਲਿਖੀ ਗਈ ਸੀ ਅਤੇ ਇਹ ਮਕਸਦ ਮਨੁੱਖ ਦੀ ਜਿਗਿਆਸਾ ਨੂੰ ਸ਼ਾਂਤ ਕਰਨਾ ਨਹੀਂ ਸੀ। ਪਵਿੱਤਰ ਲਿਖਤ ਨੂੰ ਲਿਖਣ ਵਾਲੇ ਜੇ ਆਮ ਲੋਕ ਹੁੰਦੇ ਤਾਂ ਯਕੀਨਨ ਹੀ ਉਹ ਕੈਨ ਦੀ ਪਤਨੀ ਦਾ ਜ਼ਿਕਰ, ਮੂਸਾ ਦੀ ਕਬਰ, ਯਿਸੂ ਦੀ ਜ਼ਿੰਦਗੀ ਦੇ ਅਠਾਰਾਂ ਖ਼ਾਮੋਸ਼ ਸਾਲਾਂ, ਯਿਸੂ ਦੀ ਸ਼ਕਲ-ਸੂਰਤ, ਯੂਹੰਨਾ 8:6, 8 ਵਿਚ ਜ਼ਮੀਨ 'ਤੇ ਲਿਖੇ ਉਹਦੇ ਸ਼ਬਦ, ਮੁਰਦਾ ਰਹਿਣ ਦੇ ਲਾਜ਼ਰ ਦੇ ਚਾਰ ਦਿਨਾਂ ਦੇ ਵਕਫ਼ੇ ਵਿਚ ਜੋ ਉਹਨੇ ਵੇਖਿਆ ਅਤੇ ਸਵਰਗਲੋਕ ਵਿਚ ਪੌਲੁਸ ਦੇ ਜਾਣ ਦਾ ਵੇਰਵਾ ਵਿਸਥਾਰ ਨਾਲ ਦਿੰਦੇ। ਉਨ੍ਹਾਂ ਘਟਨਾਵਾਂ ਦੇ ਵੇਰਵੇ ਹੁੰਦੇ ਤਾਂ ਅੱਜ ਵੀ ਉਹ ਅਖ਼ਬਾਰਾਂ ਦੀਆਂ ਸੁਰਖੀਆਂ ਬਣਨੇ ਸਨ। ਉਨ੍ਹਾਂ 'ਤੇ ਲਿਖੀਆਂ ਜਾਣ ਵਾਲੀਆਂ ਕਿਤਾਬਾਂ ਸਭ ਤੋਂ ਵੱਧ ਵਿਕਦੀਆਂ। ਇਹ ਤੱਥ ਕਿ ਬਾਈਬਲ ਦੇ ਲੇਖਕਾਂ ਨੇ ਜੀਵਨ ਅਤੇ ਭਗਤੀ ਨਾਲ ਜੁੜੀਆਂ ਸਭ ਗੱਲਾਂ ਨੂੰ ਦੱਸਣ ਦੇ ਮਕਸਦ ਨੂੰ ਧਿਆਨ 'ਚ ਰੱਖਿਆ (2 ਪਤਰਸ 1:3) ਅਤੇ ਮਨੁੱਖੀ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਨਹੀਂ ਲਿਖਿਆ, ਬਾਈਬਲ ਨੂੰ ਹੋਰਨਾਂ ਕਿਤਾਬਾਂ ਤੋਂ ਵੱਖ ਕਰਦਾ ਹੈ।

## ਇਹਦੀ ਸਾਹਿਤਿਕ ਖ਼ੂਬੀ

ਬਾਈਬਲ ਦੀਆਂ ਗੱਲਾਂ ਦੀ ਸਾਹਿਤਕ ਖ਼ੂਬੀ ਬਾਈਬਲ ਦੇ ਖ਼ੁਦਾ ਵੱਲੋਂ ਹੋਣ ਦੀ ਇਕ ਹੋਰ ਖ਼ੂਬੀ ਹੈ। ਖ਼ੁਦਾ ਵੱਲੋਂ ਹੋਣ ਦੇ ਆਪਣੇ-ਆਪਣੇ ਦਾਅਵੇ ਦੇ ਇਲਾਵਾ ਸਾਹਿਤਕ ਰਚਨਾ ਦੇ ਰੂਪ ਵਿਚ ਵੀ ਬਾਈਬਲ ਨੂੰ ਅਵੱਲ ਦਰਜਾ ਹਾਸਲ ਹੈ। ਇਕ ਵਿਦਵਾਨ ਨੇ ਲਿਖਿਆ ਹੈ ਕਿ ''ਇਬਰਾਨੀ ਨਬੀਆਂ ਦੀ ਸ਼ੈਲੀ ਵਿਚ ਉਹ ਸਿਆਣਪ ਨਜ਼ਰ ਆਉਂਦੀ ਸੀ'' ਜਿਸ ਨਾਲ ''ਉਨ੍ਹਾਂ ਨੂੰ ਬਾਬੁਲ ਜਾਂ ਮਿਸਰ ਜਾਂ ਕਿਸੇ ਵੀ ਹੋਰ ਥਾਂ ਦੀ ਕਿਸੇ ਗੱਲ ਜਾਂ ਕਵੀਆਂ ਨਾਲੋਂ ਉੱਚਾ ਦਰਜਾ ਮਿਲਦਾ ਹੈ।'' ਅੱਯੂਬ ਦੀ ਕਿਤਾਬ ''ਮਿਲਦੀਆਂ-ਜੁਲਦੀਆਂ ਹੋਰਨਾਂ ਸੱਭਿਅਤਾਵਾਂ ਵਿਚ ਨਮੂਨੇ ਤੋਂ ਉੱਚੇ ਪੱਧਰ ਦੀ ਹੈ।''

ਨਵੇਂ ਨੇਮ ਦੇ ਸਬੰਧ ਵਿਚ ਲੂਕਾ ਅਤੇ ਪੌਲੁਸ ਤੋਂ ਇਲਾਵਾ ਇਹ ਦੇ ਲੇਖਕ ਸਾਫ਼ ਹੈ ਕਿ ਅਨਪੜ੍ਹ ਹੀ ਸਨ (ਵੇਖੋ ਰਸੂਲਾਂ ਦੇ ਕੰਮ 4:13)। ਅਜਿਹੇ ਲੋਕਾਂ ਵੱਲੋਂ ਕਿਤਾਬ ਲਿਖਣ ਦੀ ਗੱਲ, ਆਪਣੇ ਆਪ ਵਿਚ ਹੈਰਾਨੀ ਭਰੀ ਹੈ। ਜ਼ਿੰਦਗੀ ਭਰ ਆਪਣੇ ਕਾਰੋਬਾਰ ਵਿਚ ਰੁੱਝੇ ਰਹਿਣ ਵਾਲੇ ਕੁਝ ਮਛੇਰਿਆਂ ਨੇ ਬਗ਼ੈਰ ਕੋਈ ਵੱਡੀ ਗ਼ਲਤੀ ਕੀਤਿਆਂ ਕੁਝ ਲਿਖਿਆ ਸੀ, ਪਰ ਬਾਈਬਲ ਦੇ ਇਨ੍ਹਾਂ ਲੇਖਕਾਂ ਨੇ ਆਤਮ ਸੰਜਮ ਅਤੇ ਸਵੈ-ਅਨੁਸ਼ਾਸਨ ਵਿਖਾਇਆ। ਬਾਈਬਲ ਦੇ ਖ਼ੁਦਾ ਵੱਲੋਂ ਹੋਣ ਨੂੰ ਸਾਬਿਤ ਕਰਨ ਲਈ ਇਹਦੀ ਸਾਹਿਤਕ ਸ੍ਰੇਸ਼ਟਤਾ ਦੀ ਲੋੜ ਨਹੀਂ ਹੈ, ਪਰ ਸਵਰਗ ਤੋਂ ਮਿਲੀ ਕਿਤਾਬ ਵਿਚ ਅਜਿਹੇ ਹੀ ਗੁਣਾਂ ਦੀ ਉਮੀਦ ਕਰਨਾ ਕੁਦਰਤੀ ਹੈ।

## ਇਹਦਾ ਪੂਰਾ ਹੋਣਾ

ਨਵਾਂ ਨੇਮ ਆਪਣੇ ਆਪ ਵਿਚ ਪੂਰੀ ਸ਼ਰ੍ਹਾ ਹੋਣ ਦਾ ਦਾਅਵਾ ਕਰਦਾ ਹੈ (ਯਾਕੂਬ 1:25) ਅਤੇ ਦੋ ਹਜ਼ਾਰ ਸਾਲਾਂ ਬਾਅਦ ਵੀ ਇਹਦਾ ਦਾਅਵਾ ਉਹੀ ਹੈ। ਇਹਦੀ ਸਿੱਖਿਆ ਮੁਤਾਬਕ ਜੀਣ ਵਾਲਿਆਂ ਨੂੰ ਇਸ ਵਿਚ ਕਿਸੇ ਕਮੀ ਜਾਂ ਸੁਧਾਰ ਦੀ ਗੁੰਜਾਇਸ਼ ਨਹੀਂ ਲਗਦੀ।

ਕਿਸੇ ਚੀਜ਼ ਦੇ ਮਨੁੱਖ ਵੱਲੋਂ ਹੋਣ ਦਾ ਨਿਸ਼ਾਨ ਇਹ ਹੈ ਕਿ ਇਹਨੂੰ ਸਾਬਿਤ ਨਹੀਂ ਕੀਤਾ ਜਾ ਸਕਦਾ। ਅਮਰੀਕਾ ਵਿਚ *ਮੈਕਗਫ਼ੀ'ਜ਼ ਰੀਡਰ* ਅਤੇ *ਰੇਅ'ਜ਼ ਬਲੂਬੈਕ ਸਪੈੱਲਰ* ਵਰਗੀਆਂ ਕਿਤਾਬਾਂ ਐਨੀਆਂ ਵਧੀਆ ਹੋਣ ਤੇ ਵੀ ਉਨ੍ਹਾਂ 'ਚ ਸੁਧਾਰ ਦੀ ਗੁੰਜਾਇਸ਼ ਸੀ; ਹੁਣ ਇਨ੍ਹਾਂ ਕਿਤਾਬਾਂ ਦੀ ਥਾਂ ਹੋਰ ਕਿਤਾਬਾਂ ਨੇ ਲੈ ਲਈ ਹੈ। ਦਹਾਕੇ ਪਹਿਲਾਂ ਰਸਾਇਣ ਵਿਗਿਆਨ ਦੀਆਂ ਕਿਤਾਬਾਂ 'ਚ ਸਿਖਾਇਆ ਜਾਂਦਾ ਸੀ ਕਿ ਪ੍ਰਮਾਣੂ ਅਦਿੱਖ ਹੈ; ਅਤੇ ਤੱਤਾਂ ਦਾ ਰੂਪ ਬਦਲਣਾ ਕੀਮੀਆਗਰਾਂ ਦੀ ਨਾ ਪੂਰੀ ਹੋਣ ਵਾਲੀ ਇੱਛਾ ਹੀ ਸੀ। ਰਸਾਇਣ ਵਿਗਿਆਨ ਦੀਆਂ ਉਹ ਕਿਤਾਬਾਂ ਅੱਜ ਲਾਇਬ੍ਰੇਰੀਆਂ ਵਿਚ ਹੀ ਮਿਲ ਸਕਦੀਆਂ ਹਨ।

ਪੀੜ੍ਹੀਆਂ ਬਦਲ ਗਈਆਂ, ਪਰ ਬਾਈਬਲ ਨਹੀਂ ਬਦਲੀ ਅਤੇ ਨਾ ਇਹ ਨੂੰ ਸੁਧਾਰ ਦੀ ਲੋੜ ਹੈ। ਕਈਆਂ ਨੇ ਬਾਈਬਲ ਤੋਂ ਵੱਧ ਗਿਆਨ ਹੋਣ ਦਾ ਦਾਅਵਾ ਕੀਤਾ, ਪਰ ਉਨ੍ਹਾਂ ਦੀਆਂ ਨਵੀਆਂ ਸਿੱਖਿਆਵਾਂ ਲੋਕਾਂ ਲਈ ਅਜਿਹਾ ਕੁਝ ਨਹੀਂ ਕਰ ਸਕੀਆਂ ਜੋ ਬਾਈਬਲ ਲਗਾਤਾਰ ਕਰਦੀ ਆ ਰਹੀ ਹੈ। ਜੇਕਰ ਬਾਈਬਲ ਪੂਰੀ ਤਰ੍ਹਾਂ ਨਾਲ ਇਨਸਾਨ ਦੀ ਬਣੀ ਹੁੰਦੀ ਤਾਂ ਇਹ ਮਨੁੱਖ ਦੇ ਕੰਮ ਦੀ ਪਹਿਲੀ ਮਿਸਾਲ ਹੋਣੀ ਸੀ, ਜਿਹਨੂੰ ਸੁਧਾਰ ਜਾਂ ਆਧੁਨਿਕ ਬਣਾਉਣ ਦੀ ਕੋਈ ਲੋੜ ਨਹੀਂ ਸੀ।

ਕਲੀਸੀਆ ਦੇ ਅਕੀਦੇ, ਬਾਈਬਲ 'ਤੇ ਅਧਾਰਿਤ ਹੋਣ ਜਾਂ ਵਿਦਵਾਨਾਂ ਵੱਲੋਂ ਲਿਖੇ ਗਏ, ਉਨ੍ਹਾਂ 'ਚ ਬਾਰ-ਬਾਰ ਸੋਧ ਕਰਨ ਦੀ ਲੋੜ ਪੈਂਦੀ ਹੈ। ਇਹ ਕੁਦਰਤੀ ਹੈ, ਕਿਉਂਕਿ ਉਨ੍ਹਾਂ ਨੂੰ

ਪਵਿੱਤਰ ਆਤਮਾ ਦੀ ਪ੍ਰੇਰਣਾ ਪਾਏ ਲੋਕਾਂ ਨੇ ਨਹੀਂ ਲਿਖਿਆ ਸੀ। ਇਹ ਤੱਥ ਕਿ ਬਾਈਬਲ ਹਰ ਕੌਮ ਅਤੇ ਹਰ ਯੁਗ ਵਿਚ ਆਪਣੀ ਤਾਜ਼ਗੀ ਅਤੇ ਸਨਮਾਨ ਨੂੰ ਬਣਾਈ ਰੱਖਦੀ ਹੈ ਜਿਸ ਵਿਚ ਉਹਦੇ ਸੋਧ ਦੀ ਕੋਈ ਲੋੜ ਨਹੀਂ, ਇਹਨੂੰ ਸਭ ਤੋਂ ਵੱਖਰੀ ਬਣਾ ਦਿੰਦਾ ਹੈ।

## ਇਹਦੀ ਸਦੀਵਤਾ

ਅਖ਼ੀਰ 'ਚ ਇਤਿਹਾਸ ਵੱਲ ਧਿਆਨ ਦਿਓ ਜੋ ਬਾਈਬਲ ਦੀ ਸੁਰੱਖਿਆ ਦੇ ਇਲਾਹੀ ਢੰਗ ਸਦੀਆਂ ਦੀਆਂ ਤਬਾਹੀਆਂ ਅਤੇ ਅਗਨ-ਪ੍ਰੀਖਿਆਵਾਂ ਦੇ ਬਾਵਜੂਦ ਵੀ ਹੋਂਦ ਵਿਚ ਰਹਿਣ ਦੀ ਇਕ ਖੂਬੀ ਵੱਲ ਇਸ਼ਾਰਾ ਕਰਦਾ ਹੈ। ਕਿਤਾਬਾਂ ਨਾਲ ਛੇੜਛਾੜ ਨਾ ਕਰਨ ਤੇ ਵੀ, ਉਹ ਓਸੇ ਪੀੜ੍ਹੀ ਵਿਚ ਜਿਸ ਵਿਚ ਲਿਖੀਆਂ ਜਾਂਦੀਆਂ ਹਨ, ਕੁਝ ਫ਼ੀਸਦੀ ਹੀ ਬਚ ਪਾਉਂਦੀਆਂ ਹਨ। ਨਿਰਾਲੇ ਢੰਗ ਨਾਲ ਬਾਈਬਲ ਵਿਚ ਹਰ ਨਵੀਂ ਪੀੜ੍ਹੀ ਲਈ ਤਾਜ਼ਗੀ ਅਤੇ ਪ੍ਰਸੰਗਿਕਤਾ ਹੈ।

ਜਿਸ ਦੇਸ਼ ਵਿਚ ਬਾਈਬਲ ਲਿਖੀ ਗਈ ਉੱਥੋਂ ਹੋਰ ਕਿਤਾਬਾਂ ਵੀ ਲਿਖੀਆਂ ਗਈਆਂ ਸਨ, ਪਰ ਉਹ ਟਿਕ ਨਾ ਸਕੀਆਂ। ਉਨ੍ਹਾਂ ਦੀ ਜਾਣਕਾਰੀ ਸਿਰਫ਼ ਪੁਰਾਣੇ ਨੇਮ ਤੋਂ ਹੀ ਮਿਲਦੀ ਹੈ (ਵੇਖੋ ਗਿਣਤੀ 21:14; ਯਹੋਸ਼ੁਆ 10:13)। ਯਹੂਦੀ ਧਰਮ ਦੀਆਂ ਮੌਜੂਦ ਅਪ੍ਰਮਾਣਕ ਕਿਤਾਬਾਂ ਬਾਈਬਲ ਦੇ ਧਰਮ ਨਾਲ ਆਪਣੇ ਸਬੰਧ ਦੇ ਕਾਰਣ ਹੀ ਹਨ। ਕਿਸੇ ਨੇ ਲਿਖਿਆ ਹੈ:

> ਕੈਸਰ ਦੀ ਹਕੂਮਤ ਜਾਂਦੀ ਰਹੀ, ਰੋਮ ਦੀਆਂ ਫ਼ੌਜਾਂ ਮਿੱਟੀ ਵਿਚ ਮਿਲ ਗਈਆਂ ਹਨ, ਬਰਫ਼ ਦੇ ਢੇਰ ਜਿਨ੍ਹਾਂ ਨੂੰ ਨੈਪੋਲਿਅਨ ਯੂਰਪ ਤੋਂ ਸੁੱਟਦਾ ਸੀ ਪਿਘਲ ਚੁੱਕੇ ਹਨ; ਫ਼ਿਰੌਨਾਂ ਦਾ ਰਾਜਕੁਮਾਰ ਤਬਾਹ ਹੋ ਗਿਆ; ਜਿਨ੍ਹਾਂ ਪਿਰਾਮਿਡਾਂ ਵਿਚ ਉਨ੍ਹਾਂ ਆਪਣੀਆਂ ਕਬਰਾਂ ਬਣਾਈਆਂ ਸਨ, ਦਿਨ-ਬ-ਦਿਨ ਰੇਤ'ਚ ਧਸ ਰਹੇ ਹਨ; ਸੂਰ ਮਾਛੀਆਂ ਦੇ ਜਾਲ ਸਾਫ਼ ਕਰਨ ਲਈ ਚੱਟਾਨ ਰਹਿ ਗਈ ਹੈ ... ਪਰ ਖ਼ੁਦਾ ਦਾ ਵਚਨ ਅੱਜ ਵੀ ਜੀਊਂਦਾ ਹੈ। ਇਹਨੂੰ ਮਿਟਾਉਣ ਦੀਆਂ ਧਮਕੀਆਂ ਦੇਣ ਵਾਲੇ ਸਭ ਲੋਕ ਇਹਦੇ ਮਦਦਗਾਰ ਹੀ ਸਾਬਿਤ ਹੋਏ ਅਤੇ ਇਵੇਂ ਹਰ ਰੋਜ਼ ਸਾਬਿਤ ਹੁੰਦਾ ਹੈ ਕਿ ਮਨੁੱਖ ਦੀ ਬਣਾਈ ਹੋਈ ਬੇਹਤਰੀਨ ਤੋਂ ਬੇਹਤਰੀਨ ਯਾਦਗਾਰ ਕਿੰਨੀ ਥੋੜ੍ਹੀ ਦੇਰ ਦੀ ਹੈ ਜਦ ਕਿ ਖ਼ੁਦਾ ਦੀ ਕਹੀ ਗਈ ਛੋਟੀ ਤੋਂ ਛੋਟੀ ਗੱਲ ਵੀ ਕਿੰਨੀ ਟਿਕਾਊ ਹੈ।[3]

ਕੌਮਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਬਾਈਬਲ ਉਵੇਂ ਦੀ ਉਵੇਂ ਬਣੀ ਰਹਿੰਦੀ ਹੈ। ਨੀਰੋ ਨੇ ਪੌਲੁਸ ਨੂੰ ਮਾਰ ਦਿੱਤਾ ਪਰ ਅੱਜ ਨੀਰੋ ਅਤੇ ਉਹਦੀ ਹਕੂਮਤ ਮਿਟ ਚੁੱਕੇ ਹਨ। ਰੋਮ ਦੀ ਉਹ ਜੇਲ੍ਹ ਜਿਸ ਵਿਚ ਪੌਲੁਸ ਨੂੰ ਰੱਖਿਆ ਗਿਆ ਸੀ, ਹੁਣ ਨਹੀਂ ਹੈ, ਪਰ ਜੇਲ੍ਹ ਵਿੱਚੋਂ ਲਿਖੀਆਂ ਪੌਲੁਸ ਦੀਆ ਪੱਤਰੀਆਂ ਜ਼ਿੰਦਾ ਅਤੇ ਅੱਜ ਵੀ ਅਸਰਦਾਇਕ ਹਨ।

303 ਈ. ਵਿਚ, ਬਾਦਸ਼ਾਹ ਡਿਓਕਲੇਸ਼ਿਅਨ ਨੇ ਪਵਿੱਤਰ ਲਿਖਤ ਦੀ ਹਰ ਨਕਲ ਮਿਟਾ ਦੇਣ ਦਾ ਫ਼ਰਮਾਨ ਦਿੱਤਾ ਸੀ। ਉਹਨੂੰ ਲੱਗਾ ਸੀ ਕਿ ਉਹਦੇ ਸਿਪਾਹੀਆਂ ਅਤੇ ਜਾਂਚ-ਅਧਿਕਾਰੀਆਂ ਨੇ ਇਸ 'ਤੇ ਕਾਮਯਬੀ ਪਾ ਲਈ ਹੈ; ਆਪਣੀ ਖ਼ਿਆਲੀ ਕਾਮਯਾਬੀ ਦਾ ਜਸ਼ਨ ਮਨਾਉਣ ਲਈ ਉਹਦੇ ਕੋਲ ਇਕ ਤਮਗਾ ਸੀ ਜਿਸ ਤੇ ਉੱਕਰਿਆ ਹੋਇਆ ਸੀ, *''ਮਸੀਹੀ ਧਰਮ ਮਿਟਾ ਦਿੱਤਾ ਗਿਆ ਹੈ ਅਤੇ ਦੇਵਤਿਆਂ ਦੀਆ ਪੂਜਾ ਬਹਾਲ ਕਰ ਦਿੱਤੀ ਗਈ ਹੈ।''* ਫਿਰ, ਓਸੇ ਥਾਂ ਜਿੱਥੇ ਬਾਈਬਲਾਂ ਸਾੜੀਆਂ ਗਈਆਂ ਸਨ, ਉਹਨੇ ਇਕ ਯਾਦਗਾਰ ਬਣਾ ਦਿੱਤੀ ਜਿਸ 'ਤੇ ਲਿਖਿਆ ਗਿਆ, *''ਮਸੀਹੀ ਲੋਕਾਂ ਦਾ ਨਿਸ਼ਾਨ ਮਿਟਾ ਦਿੱਤਾ ਗਿਆ ਹੈ।''* ਉਹਦੀਆਂ ਕੋਸ਼ਿਸ਼ਾਂ ਦੇ

ਬਾਵਜੂਦ, ਪਵਿੱਤਰ ਲਿਖਤ ਦੀਆਂ ਨਕਲਾਂ ਫੇਰ ਮਿਲਣ ਲੱਗ ਪਈਆਂ ਅਤੇ ਇਨ੍ਹਾਂ ਦੀ ਗਿਣਤੀ ਵੱਧਦੀ ਗਈ। ਵੀਹ ਸਾਲਾਂ ਬਾਅਦ ਇਕ ਹੋਰ ਰੋਮੀ ਬਾਦਸ਼ਾਹ, ਕਾਂਸਟੈਂਟਾਈਨ ਨੇ ਆਪਣੀ ਹਕੂਮਤ 'ਚ ਕਲੀਸੀਆ ਦੇ ਹਰ ਭਵਨ ਵਿਚ ਬਾਈਬਲਾਂ ਰੱਖਣੀਆਂ ਸ਼ੁਰੂ ਕਰਵਾ ਦਿੱਤੀਆਂ। ਬਾਈਬਲ ਅਵਿਨਾਸ਼ੀ ਹੋਣ ਦਾ ਦਾਅਵਾ ਕਰਦੀ ਹੈ (1 ਪਤਰਸ 1:23) ਅਤੇ ਉਸ ਸ਼ਕਤੀਸ਼ਾਲੀ ਰਾਜੇ 'ਤੇ ਇਹਦੀ ਜਿੱਤ ਨੇ ਵਿਖਾ ਦਿੱਤਾ ਕਿ ਇਹਦਾ ਦਾਅਵਾ ਝੂਠਾ ਨਹੀਂ ਹੈ।

ਪਵਿੱਤਰ ਲਿਖਤ ਦੇ ਖ਼ਿਲਾਫ਼ ਭੌਤਿਕ ਰੂਪ ਵਿਚ ਹਿੰਸਾ ਦੇ ਇਲਾਵਾ, ਬੇਵਿਸ਼ਵਾਸਿਆਂ ਨੇ ਸਦਾ ਤਕ ਰਹਿਣ ਦੇ ਬਾਈਬਲ ਦੇ ਦਾਅਵਿਆਂ ਨੂੰ ਗ਼ਲਤ ਠਹਿਰਾਉਣ ਦੀਆਂ ਬੇਸ਼ੁਮਾਰ ਕੋਸ਼ਿਸ਼ਾਂ ਕੀਤੀਆਂ ਹਨ (ਯਸਾਯਾਹ 40:8; ਮੱਤੀ 24:35; ਮਰਕੁਸ 13:31; ਲੂਕਾ 21:33)। ਆਪਣੀ ਤਾਰੀਫ਼ ਕਰਵਾਉਣ ਵਾਲੇ ਵੋਲਟੇਅਰ ਨੇ, ਜਿਹਦੀ ਮੌਤ 1778 ਈ. 'ਚ ਹੋਈ, ਭਵਿੱਖਬਾਣੀ ਕੀਤੀ ਸੀ ਕਿ ਉਹਦੇ ਹਮਲਿਆਂ ਕਰਕੇ ਬਾਈਬਲ 100 ਸਾਲਾਂ ਦੇ ਅੰਦਰ ਲੱਭੇਗੀ ਨਹੀਂ। ਉਹਨੇ ਸ਼ੇਖ਼ੀ ਮਾਰੀ ਕਿ ''ਮਸੀਹੀਅਤ ਨੂੰ ਸ਼ੁਰੂ ਕਰਨ ਵਾਲੇ ਤਾਂ ਬਾਰਾਂ ਲੋਕ ਸਨ ਪਰ ਇਹਨੂੰ ਖ਼ਤਮ ਕਰਨ ਲਈ ਇੱਕੋ ਹੀ ਬੰਦਾ ਕਾਫ਼ੀ ਹੈ।'' ਪਰ ਉਹਦੀ ਮੌਤ ਤੋਂ ਫ਼ੌਰਨ ਬਾਅਦ, ਬ੍ਰਿਟਿਸ਼ ਐਂਡ ਫ਼ੌਰੇਨ ਬਾਈਬਲ ਸੋਸਾਇਟੀ ਕਾਇਮ ਹੋ ਗਈ; ਇਸ ਸੋਸਾਇਟੀ ਨੇ ਬਾਈਬਲਾਂ ਰੱਖਣ ਲਈ ਵੋਲਟੇਅਰ ਦੇ ਅਧਿਐਨ ਵਾਲੀ ਥਾਂ ਦੀ ਹੀ ਵਰਤੋਂ ਕੀਤੀ। ਜਿਨ੍ਹਾਂ ਪ੍ਰੈੱਸਾਂ ਵਿਚ ਵੋਲਟੇਅਰ ਦਾ ਨਾਸ਼ਵਾਨ ਸਾਹਿਤ ਛਪਦਾ ਸੀ, ਉਨ੍ਹਾਂ 'ਤੇ ਹੀ ਬਾਈਬਲਾਂ ਛਪਣ ਲੱਗੀਆਂ।

ਥਾਮਸ ਪੇਅਨ ਨੂੰ, ਜਿਹਦੀ ਮੌਤ 1809 ਵਿਚ ਹੋਈ ਸੀ, ਆਪਣੀ ਬਦਨਾਮ ਕਿਤਾਬ *ਏਜ ਆਫ਼ ਰੀਜ਼ਨ* ਰਾਹੀਂ ਬਾਈਬਲ ਦੀ ਅਲੋਚਨਾ 'ਤੇ ਐਨਾ ਮਾਣ ਸੀ ਕਿ ਉਹਨੇ ਸ਼ੇਖ਼ੀ ਮਾਰੀ, ''ਪੰਜਾਹ ਸਾਲਾਂ ਦੇ ਅੰਦਰ-ਅੰਦਰ ਬਾਈਬਲ ਪੁਰਾਣੀ ਪੈ ਜਾਵੇਗੀ ਅਤੇ ਲੋਕ ਇਹਨੂੰ ਭੁੱਲ ਜਾਣਗੇ।'' ਫਿਰ ਉਹੀ ਪ੍ਰੈੱਸ ਜਿੱਥੇ ਉਹਦੀ ਕਿਤਾਬ ਛਪੀ ਸੀ, ਹਜ਼ਾਰਾਂ ਬਾਈਬਲਾਂ ਛਾਪਣ ਦੇ ਕੰਮ ਆਈ।

ਕੋਈ ਹੋਰ ਅਜਿਹੀ ਕਿਤਾਬ ਨਹੀਂ ਹੈ ਜਿਹਨੇ ਬਾਈਬਲ ਵਾਂਗੂੰ ਤਸ਼ਦੱਦ ਝੱਲੇ ਹੋਣ। ''ਅੱਜ ਵੀ ਇਹਨੂੰ ਤਸੀਹੇ ਦਿੱਤੇ ਜਾਂਦੇ ਹਨ, ਇਹਨੂੰ ਤਕਲੀਫ਼ ਝੱਲਣੀ ਪੈਂਦੀ ਹੈ ਅਤੇ ਤੋੜਿਆ-ਮਰੋੜਿਆ ਜਾਂਦਾ ਹੈ, ਤਾਂ ਵੀ ਇਹ ਜ਼ਿੰਦਾ ਰਹਿੰਦੀ ਹੈ। ਇਹਦੇ ਵਾਂਗ ਕਾਇਮ ਰਹਿਣ ਦਾ ਕੋਈ ਵੀ ਸਿਹਰਾ ਸਾਡੀਆਂ ਆਧੁਨਿਕ ਸਾਹਿਤਕ ਖੋਜ ਨੂੰ ਨਹੀਂ ਜਾਂਦਾ।'' ਨਿਰੋਲ ਮਨੁੱਖੀ ਮੂਲ ਤੋਂ ਬਣੀ ਕੋਈ ਵੀ ਕਿਤਾਬ ਤੇ ਬਾਈਬਲ 'ਤੇ ਹੋਣ ਵਾਲੇ ਖ਼ਤਰਨਾਕ ਹਮਲਿਆਂ ਵਰਗੇ ਹਮਲੇ ਹੋਣ ਤਾਂ ਉਹ ਕਾਇਮ ਨਹੀਂ ਰਹਿ ਸਕਦੀ।

ਕੱਲ੍ਹ ਸ਼ਾਮ ਮੈਂ ਲੁਹਾਰ ਦੇ ਘਰ ਦੇ ਬਾਹਰ ਰੁਕ ਗਿਆ।
ਅੰਦਰੋਂ ਮੈਨੂੰ ਅਹਿਰਨ ਦੀ, ਸੁਰੀਲੀ ਝਣਕਾਰ ਦੀ ਅਵਾਜ਼ ਸੁਣੀ;
ਅਤੇ ਅੰਦਰ ਝਾਤੀ ਮਾਰੀ ਤਾਂ ਮੈਨੂੰ, ਫ਼ਰਸ਼ 'ਤੇ
ਵਕਤ ਦੀ ਮਾਰ ਪਏ ਪੁਰਾਣੇ ਵਦਾਣ ਨਜ਼ਰ ਆਏ।
''ਤੇਰੇ ਕੋਲ ਕਿੰਨੀਆਂ ਅਹਿਰਨਾਂ ਸਨ?'' ਮੈਂ ਪੁੱਛਿਆ,
''ਇਨ੍ਹਾਂ ਸਭ ਵਦਾਣਾਂ ਨੂੰ ਘਸਾਉਣ ਅਤੇ ਕੁੱਟਣ ਲਈ?''
''ਇੱਕੋ ਹੀ,'' ਉਹਦਾ ਜਵਾਬ ਸੀ। ਫਿਰ ਉਹ ਅੱਖਾਂ ਝਮੱਕਦਿਆਂ ਆਖਣ

ਲੱਗਾ;
''ਪਤੈ, ਇਹ ਵਦਾਣ ਇਸ ਅਹਿਰਨ 'ਤੇ ਵੱਜ-ਵੱਜ ਕੇ ਘਸੇ ਹਨ।''
ਤਦ ਮੈਨੂੰ ਖ਼ਿਆਲ ਆਇਆ, ਖ਼ੁਦਾ ਦੇ ਵਚਨ ਦੀ ਅਹਿਰਨ 'ਤੇ
ਯੁਗਾਂ ਤੋਂ ਨਾਸਤਿਕਾਂ ਦੀਆਂ ਸੱਟਾਂ ਵੱਜਦੀਆਂ ਰਹੀਆਂ ਹਨ,
ਉਨ੍ਹਾਂ ਸੱਟਾਂ ਦਾ ਰੌਲ਼ਾ ਤਾਂ ਸੁਣਦਾ ਸੀ
ਪਰ ਅਹਿਰਨ ਬਿਲਕੁਲ ਨਹੀਂ ਬਦਲੀ, ਵਦਾਣ ਘਸਦੇ ਰਹੇ।[4]

## ਸਾਰ

ਬਾਈਬਲ ਦੀਆਂ ਸਲਾਹੁਣਯੋਗ ਖ਼ੂਬੀਆਂ ਵਿਚ ਇਹਦੀ ਏਕਤਾ, ਇਹਦੀ ਜ਼ਬਰਦਸਤ ਸਾਦਗੀ, ਇਹਦੀ ਨਿਰਪੱਖਤਾ, ਇਹਦੀ ਸੰਖੇਪਤਾ, ਇਹਦੀ ਮੁਕੰਮਲਤਾ ਅਤੇ ਇਹਦੀ ਸਦੀਵਤਾ ਹਨ। ਪੂਰੀ ਤਰ੍ਹਾਂ ਨਾਲ ਮਨੁੱਖੀ ਕਿਤਾਬਾਂ ਵਿਚ ਇਨ੍ਹਾਂ ਅੱਠਾਂ ਉੱਤਮ ਖ਼ੂਬੀਆਂ ਵਿੱਚੋਂ ਕੁਝ ਕੁ ਹੋ ਸਕਦੀਆਂ ਹਨ, ਪਰ ਇੱਕੋ ਕਿਤਾਬ ਹੈ ਜਿਸ ਵਿਚ ਇਹ ਸਭ ਖ਼ੂਬੀਆਂ ਹਨ। ਇਹ ਤੱਥ ਆਪਣੇ ਆਪ ਵਿਚ ਪੱਕਾ ਸਬੂਤ ਹੈ ਕਿ ਬਾਈਬਲ ਇਨਸਾਨ ਵੱਲੋਂ ਨਹੀਂ ਹੈ।

ਟਿੱਪਣੀਆਂ

[1]ਅਗਿਆਤ। [2]*ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡਿਆ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1955), 1:467 ਵਿਚ ਜੇਮਸ ਓਰ, ਸੰਪਾ. ''ਬਾਈਬਲ।'' [3]ਲੇਖਕ ਅਗਿਆਤ। [4]*ਮਾਸਟਰਪੀਸਜ਼ ਆਫ਼ ਰਿਲੀਜਿਅਸ ਵਰਸ,* ਸੰਪਾ. ਜੇਮਸ ਡੈਲਟਨ ਮੋਰਿਸਨ (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1948), 493 ਵਿਚ ਜੌਨ ਕਲਿਫ਼ੋਰਡ, ''ਗੌਡ'ਜ਼ ਵਰਡ।''